Australian Government

Department of Health, Disability and Ageing



# ਡਿਮੈਂਸ਼ੀਆ 'ਤੇ ਧਿਆਨ ਕੇਂਦ੍ਰਿਤ ਕਰਨਾ

## ਅਸੀਂ ਦੇਖਭਾਲ ਦੇ ਹਰ ਪੜਾਅ 'ਤੇ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਲਈ ਸਹਾਇਤਾ ਵਿੱਚ ਸੁਧਾਰ ਕਰਨ ਲਈ ਤਬਦੀਲੀਆਂ ਕਰ ਰਹੇ ਹਾਂ

ਮਾਰਚ 2025

# ਬਜ਼ੁਰਗਾਂ ਦੀ ਦੇਖਭਾਲ ਵਿੱਚ ਸੁਧਾਰ

ਆਸਟ੍ਰੇਲੀਆ ਦੀ ਸਰਕਾਰ ਬਜ਼ੁਰਗਾਂ ਦੀ ਦੇਖਭਾਲ ਵਿੱਚ ਸਕਾਰਾਤਮਕ ਤਬਦੀਲੀਆਂ ਕਰ ਰਹੀ ਹੈ। ਇਹ ਤਬਦੀਲੀਆਂ - ਜਿਨ੍ਹਾਂ ਨੂੰ ਬਜ਼ੁਰਗ ਦੇਖਭਾਲ ਸੁਧਾਰਾਂ ਵਜੋਂ ਜਾਣਿਆ ਜਾਂਦਾ ਹੈ - ਹੁਣ ਅਤੇ ਭਵਿੱਖ ਵਿੱਚ ਆਸਟ੍ਰੇਲੀਆ ਵਿੱਚ ਬਜ਼ੁਰਗਾਂ ਦੀ ਦੇਖਭਾਲ ਵਿੱਚ ਸੁਧਾਰ ਕਰਨਗੀਆਂ।

ਇਨ੍ਹਾਂ ਵਿੱਚੋਂ ਬਹੁਤ ਸਾਰੇ ਸੁਧਾਰ Royal Commission into Aged Care Quality and Safety [ਬਜ਼ੁਰਗ ਦੇਖਭਾਲ ਦੀ, ਗੁਣਵੱਤਾ ਅਤੇ ਸੁਰੱਖਿਆ ਵਿੱਚ ਰੌਇਲ ਕਮਿਸ਼ਨ] ਦੀਆਂ ਸਿਫਾਰਸ਼ਾਂ ਦੇ ਜਵਾਬ ਵਿੱਚ ਹਨ। ਸਾਡਾ ਉਦੇਸ਼ ਬਜ਼ੁਰਗ ਲੋਕਾਂ ਲਈ ਉੱਚ ਗੁਣਵੱਤਾ ਵਾਲੀ ਵਿਅਕਤੀ-ਕੇਂਦ੍ਰਿਤ ਦੇਖਭਾਲ ਪ੍ਰਦਾਨ ਕਰਨਾ ਹੈ, ਜਿੱਥੇ ਅਤੇ ਜਦੋਂ ਉਨ੍ਹਾਂ ਨੂੰ ਇਸ ਦੀ ਜ਼ਰੂਰਤ ਹੁੰਦੀ ਹੈ।

ਸੁਧਾਰਾਂ ਦੇ ਜ਼ਰੀਏ, ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਨੂੰ ਰੋਗ ਦਾ ਪਤਾ ਲੱਗਣ ਤੋਂ ਬਾਅਦ ਲੋੜੀਂਦੀ ਸਹਾਇਤਾ ਮਿਲੇਗੀ, ਤਾਂ ਜੋ ਉਹ ਲੰਬੇ ਸਮੇਂ ਲਈ ਆਪਣੇ ਘਰ ਵਿੱਚ ਰਹਿ ਸਕਣ ਅਤੇ ਉੱਚ ਗੁਣਵੱਤਾ, ਹੁਨਰਮੰਦ ਅਤੇ ਡਿਮੈਂਸ਼ੀਆ-ਸੂਚਿਤ ਬਜ਼ੁਰਗ ਦੇਖਭਾਲ ਸੇਵਾਵਾਂ ਪ੍ਰਾਪਤ ਕਰ ਸਕਣ।

ਤਬਦੀਲੀਆਂ ਵਿੱਚ ਡਾਕਟਰੀ ਹਵਾਲਿਆਂ ਦਾ ਸਮਰਥਨ ਕਰਨ ਲਈ ਸਥਾਨਕ ਡਿਮੈਂਸ਼ੀਆ ਦੇਖਭਾਲ ਮਾਰਗ, ਡਾਕਟਰਾਂ ਅਤੇ ਬਜ਼ੁਰਗ ਦੇਖਭਾਲ ਕਰਮਚਾਰੀਆਂ ਲਈ ਡਿਮੈਂਸ਼ੀਆ ਸਿਖਲਾਈ, ਵਧੇਰੇ ਸ਼ੁਰੂਆਤੀ ਸਹਾਇਤਾ ਅਤੇ ਪਹੁੰਚ ਸੇਵਾਵਾਂ, ਦੇਖਭਾਲ ਕਰਨ ਵਾਲਿਆਂ ਲਈ ਰਾਹਤ ਅਤੇ ਸਿੱਖਿਆ, ਡਿਮੈਂਸ਼ੀਆ-ਅਨੁਕੂਲ ਇਮਾਰਤਾਂ ਦਾ ਡਿਜ਼ਾਈਨ, ਅਤੇ ਪਾਬੰਦੀਆਂ ਦੀ ਵਰਤੋਂ ਨੂੰ ਘੱਟ ਕਰਨਾ ਸ਼ਾਮਲ ਹੈ।

### ਆਸਟ੍ਰੇਲੀਆ ਵਿੱਚ ਡਿਮੈਂਸ਼ੀਆ

400,000 ਤੋਂ ਵੱਧ ਆਸਟ੍ਰੇਲੀਆ ਵਾਸੀ ਡਿਮੈਂਸ਼ੀਆ ਨਾਲ ਜੀਅ ਰਹੇ ਹਨ

ਔਰਤਾਂ ਵਿੱਚ ਡਿਮੈਂਸ਼ੀਆ ਮੌਤ ਦਾ #1 ਕਾਰਨ ਹੈ

ਡਿਮੈਂਸ਼ੀਆ ਦਿਲ ਦੀ ਬਿਮਾਰੀ ਤੋਂ ਬਾਅਦ ਆਸਟ੍ਰੇਲੀਆ ਵਿੱਚ ਮੌਤ ਦਾ #2 ਕਾਰਨ ਹੈ

ਡਿਮੈਂਸ਼ੀਆ ਲਈ ਹਸਪਤਾਲ ਵਿੱਚ ਦਾਖ਼ਲ ਲੋਕ ਹਸਪਤਾਲ ਵਿੱਚ ਰਹਿਣ ਦੇ ਔਸਤ ਸਮੇਂ ਨਾਲੋਂ 5 ਗੁਣਾ ਜ਼ਿਆਦਾ ਸਮੇਂ ਤੱਕ ਉੱਥੇ ਰਹਿੰਦੇ ਹਨ

ਡਿਮੈਂਸ਼ੀਆ ਵਾਲੇ ਲਗਭਗ 2/3 ਆਸਟ੍ਰੇਲੀਆ ਵਾਸੀ ਔਰਤਾਂ ਹਨ

ਬਜ਼ੁਰਗ ਦੇਖਭਾਲ ਘਰਾਂ ਵਿੱਚ ਅੱਧੇ ਤੋਂ ਵੱਧ ਲੋਕ ਡਿਮੈਂਸ਼ੀਆ ਨਾਲ ਜੀਅ ਰਹੇ ਹਨ

# ਪਹਿਲਕਦਮੀਆਂ ਅਤੇ ਪ੍ਰੋਗਰਾਮ

### National Dementia Support Program

National Dementia Support Program [ਰਾਸ਼ਟਰੀ ਡਿਮੈਂਸ਼ੀਆ ਸਹਾਇਤਾ ਪ੍ਰੋਗਰਾਮ] ਦਾ ਉਦੇਸ਼ ਡਿਮੈਂਸ਼ੀਆ ਨਾਲ ਜੀਅ ਰਹੇ ਜਾਂ ਬੌਧਿਕ ਗਿਰਾਵਟ ਦਾ ਅਨੁਭਵ ਕਰ ਰਹੇ ਲੋਕਾਂ, ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਅਤੇ ਸਹਾਇਤਾ ਨੈਟਵਰਕਾਂ ਦੀ ਮਦਦ ਕਰਨਾ ਹੈ, ਤਾਂ ਜੋ ਡਿਮੈਂਸ਼ੀਆ ਬਾਰੇ ਵਧੇਰੇ ਸਮਝਿਆ ਜਾ ਸਕੇ ਅਤੇ ਉਹਨਾਂ ਦੀ ਸਹਾਇਤਾ ਇਸ ਤਰ੍ਹਾਂ ਕੀਤੀ ਜਾ ਸਕੇ:

- ਉਨ੍ਹਾਂ ਨੂੰ ਆਪਣੀਆਂ ਸਹਾਇਤਾ ਸੇਵਾਵਾਂ ਜਿੰਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੈ, ਬਾਰੇ ਸੂਚਿਤ ਫੈਸਲੇ ਲੈਣ ਲਈ ਸਮਰੱਥ ਬਣਾਉਣਾ
- ਉਨ੍ਹਾਂ ਨੂੰ ਉਚਿਤ ਸੇਵਾਵਾਂ ਨਾਲ ਜੋੜਨਾ ਤਾਂ ਜੋ ਉਹ ਆਪਣੇ ਆਪ ਦਾ ਪ੍ਰਬੰਧ ਕਰ ਸਕਣ ਅਤੇ ਜਿੰਨਾ ਸੰਭਵ ਹੋ ਸਕੇ ਡਿਮੈਂਸ਼ੀਆ ਨਾਲ ਚੰਗੀ ਤਰ੍ਹਾਂ ਜੀਅ ਸਕਣ।

National Dementia Support Program ਸਲਾਹ-ਮਸ਼ਵਰਿਆਂ, ਸਿੱਖਿਆ, ਵੈਬੀਨਾਰਾਂ,ਨਿਤਾਣੇ ਭਾਈਚਾਰਿਆਂ ਲਈ ਵਿਸ਼ੇਸ਼ ਸਹਾਇਤਾ ਅਤੇ ਔਨਲਾਈਨ ਲਾਇਬ੍ਰੇਰੀ ਸੇਵਾ ਰਾਹੀਂ ਸਹਾਇਤਾ ਪ੍ਰਦਾਨ ਕਰਦਾ ਹੈ।

ਸਹਾਇਤਾ **National Dementia Helpline [ਰਾਸ਼ਟਰੀ ਡਿਮੈਂਸ਼ੀਆ ਸਹਾਇਤਾ ਲਾਈਨ]**, ਰਾਹੀਂ ਮੁਫ਼ਤ, ਗੁਪਤ ਫ਼ੋਨ ਅਤੇ ਈਮੇਲ ਜਾਣਕਾਰੀ ਅਤੇ ਸਹਾਇਤਾ ਸੇਵਾ ਰਾਹੀਂ ਵੀ ਉਪਲਬਧ ਹੈ।

ਸਹਾਇਤਾ ਲਾਈਨ ਨਾਲ **1800 100 500** (ਸਾਲ ਵਿੱਚ 24/7, 365 ਦਿਨ) ਜਾਂ **helpline@dementia.org.au** 'ਤੇ ਈਮੇਲ ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## Dementia Friendly Communities

Dementia Friendly Communities [ਡਿਮੈਂਸ਼ੀਆ ਅਨੁਕੂਲ ਭਾਈਚਾਰਕ ਪ੍ਰੋਗਰਾਮ] ਦਾ ਉਦੇਸ਼ ਡਿਮੈਂਸ਼ੀਆ ਨਾਲ ਜੁੜੇ ਕਲੰਕ ਨੂੰ ਘਟਾਉਣਾ ਅਤੇ ਭਾਈਚਾਰਕ ਪੱਧਰ 'ਤੇ ਡਿਮੈਂਸ਼ੀਆ ਦੀ ਸਮਝ, ਜਾਗਰੂਕਤਾ ਅਤੇ ਸਵੀਕਾਰਤਾ ਨੂੰ ਵਧਾਉਣਾ ਹੈ। Dementia Friendly Communities ਪ੍ਰੋਗਰਾਮ ਵਿੱਚ ਹੇਠ ਲਿਖੇ ਮੁੱਖ ਹਿੱਸੇ ਸ਼ਾਮਲ ਹਨ:

- Dementia Friends [ਡਿਮੈਂਸ਼ੀਆ ਦੋਸਤ], ਅਤੇ Dementia Friends Hosts [ਡਿਮੈਂਸ਼ੀਆ ਦੋਸਤ ਮੇਜ਼ਬਾਨ], ਜੋ ਆਪਣੇ ਭਾਈਚਾਰਿਆਂ ਵਿੱਚ ਜਾਗਰੂਕਤਾ ਵਧਾਉਣ ਦੇ ਸੈਸ਼ਨ ਚਲਾਉਣ ਲਈ ਸਮਰਥ ਹਨ ਅਤੇ ਹੁਨਰਾਂ ਨਾਲ ਲੈਸ ਹਨ
- Dementia Alliances [ਡਿਮੈਂਸ਼ੀਆ ਅਲਾਇੰਸ], ਸਥਾਨਕ ਲੋਕਾਂ ਦੇ ਟਿਕਾਊ ਸਮੂਹ ਜੋ ਆਪਣੇ ਭਾਈਚਾਰਿਆਂ ਨੂੰ ਡਿਮੈਂਸ਼ੀਆ ਅਨੁਕੂਲ ਬਣਾਉਣ ਵਿੱਚ ਮਦਦ ਕਰਨ ਲਈ ਕਾਰਜ ਯੋਜਨਾਵਾਂ ਵਿਕਸਤ ਕਰਦੇ ਹਨ
- ਸਥਾਨਕ ਪ੍ਰੋਜੈਕਟਾਂ ਲਈ Community Engagement Grants [ਭਾਈਚਾਰਕ ਸ਼ਮੂਲੀਅਤ ਗ੍ਰਾਂਟਾਂ] ਜੋ ਆਪਣੇ ਭਾਈਚਾਰਿਆਂ ਵਿੱਚ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਦੀ ਸ਼ਮੂਲੀਅਤ ਅਤੇ ਜੋੜਨ ਨੂੰ ਉਤਸ਼ਾਹਿਤ ਕਰਦੀਆਂ ਹਨ
- ਭਾਈਚਾਰਕ ਸੰਗਠਨਾਂ ਅਤੇ ਕਾਰੋਬਾਰਾਂ ਨੂੰ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਨੂੰ ਵਧੇਰੇ ਸਮਾਵੇਸ਼ੀ ਬਣਨ ਅਤੇ ਡਿਮੈਂਸ਼ੀਆ ਦੋਸਤਾਨਾ ਵਜੋਂ ਮਾਨਤਾ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਸਹਾਇਤਾ।

ਹੋਰ ਜਾਣਨ ਲਈ **health.gov.au/our-work/dementia-friendly-communities** ਵੇਖੋ।

## Primary Health Networks ਡਿਮੈਂਸ਼ੀਆ ਸਹਾਇਤਾ ਮਾਰਗ

Primary Health Networks [ਪ੍ਰਾਇਮਰੀ ਹੈਲਥ ਨੈੱਟਵਰਕ] ਨੇ ਸਥਾਨਕ ਡਿਮੈਂਸ਼ੀਆ ਸਹਾਇਤਾ ਮਾਰਗ ਵਿਕਸਤ ਕੀਤੇ ਹਨ, ਜੋ ਡਾਕਟਰਾਂ ਨੂੰ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਨੂੰ ਉਨ੍ਹਾਂ ਵਾਧੂ ਕਲੀਨੀਕਲ ਅਤੇ ਸਥਾਨਕ ਸਹਾਇਤਾ ਨਾਲ ਜੋੜਨ ਵਿੱਚ ਮਦਦ ਕਰਦੇ ਹਨ ਜਿੰਨ੍ਹਾਂ ਦੀ ਉਨ੍ਹਾਂ ਨੂੰ ਲੋੜ ਹੁੰਦੀ ਹੈ।

ਡਿਮੈਂਸ਼ੀਆ-ਵਿਸ਼ੇਸ਼ ਮਾਰਗ ਸਿਹਤ ਪੇਸ਼ੇਵਰਾਂ ਨੂੰ ਡਿਮੈਂਸ਼ੀਆ ਰੋਗ ਦਾ ਪਤਾ ਲਗਾਉਣ ਅਤੇ ਦੇਖਭਾਲ ਦੇ ਸਾਰੇ ਪੜਾਵਾਂ 'ਤੇ ਮਰੀਜ਼ਾਂ ਦੀ ਬਿਹਤਰ ਸਹਾਇਤਾ ਕਰਨ ਵਿੱਚ ਮਦਦ ਕਰ ਰਹੇ ਹਨ।

ਇਨ੍ਹਾਂ ਮਾਰਗਾਂ ਵਿੱਚ ਸ਼ਾਮਲ ਹਨ:

- ਜਿੱਥੇ ਉਚਿਤ ਹੋਵੇ ਵਧੇਰੇ ਵਿਸ਼ੇਸ਼ ਮੁਲਾਂਕਣ ਅਤੇ ਰੋਗ ਦਾ ਪਤਾ ਲਗਾਉਣ ਵਾਲੀਆਂ ਸੇਵਾਵਾਂ ਵਾਸਤੇ ਹਵਾਲੇ
- ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ, ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਲਈ ਰੋਗ ਦਾ ਪਤਾ ਲੱਗਣ ਤੋਂ ਬਾਅਦ ਦੀਆਂ ਸੇਵਾਵਾਂ ਅਤੇ ਸਹਾਇਤਾਵਾਂ ਵਾਸਤੇ ਹਵਾਲੇ।

Primary Health Networks ਅਤੇ Dementia Australia ਨੇ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ, ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਅਤੇ ਸਹਾਇਤਾ ਨੈਟਵਰਕਾਂ ਲਈ ਸਰੋਤ ਵਿਕਸਤ ਕੀਤੇ ਹਨ ਤਾਂ ਜੋ ਇਹ ਸਮਝਿਆ ਜਾ ਸਕੇ ਕਿ ਉਨ੍ਹਾਂ ਦੇ ਸਥਾਨਕ ਖੇਤਰ ਵਿੱਚ ਕਿਹੜੀ ਮਦਦ ਅਤੇ ਸੇਵਾਵਾਂ ਉਪਲਬਧ ਹਨ।

## ਡਿਮੈਂਸ਼ੀਆ ਦੇ ਅੰਕੜਿਆਂ ਦੀ ਨਿਗਰਾਨੀ

National Centre for Monitoring Dementia [ਨੈਸ਼ਨਲ ਸੈਂਟਰ ਫਾਰ ਮੌਨੀਟਰਿੰਗ ਡਿਮੈਂਸ਼ੀਆ], Australian Institute of Health and Welfare ਵਿਖੇ ਸਥਿਤ ਹੈ:

- ਆਸਟ੍ਰੇਲੀਆ ਵਿੱਚ ਡਿਮੈਂਸ਼ੀਆ ਦੀ ਬਾਕਾਇਦਾ ਨਿਗਰਾਨੀ ਕਰਦਾ ਹੈ
- ਮੌਜੂਦਾ ਅੰਕੜਿਆਂ ਦੇ ਅੰਤਰਾਂ ਨੂੰ ਹੱਲ ਕਰਦਾ ਹੈ
- ਡਿਮੈਂਸ਼ੀਆ ਨਾਲ ਜੀਅ ਰਹੇ ਆਸਟ੍ਰੇਲੀਆ ਦੇ ਲੋਕਾਂ ਵਾਸਤੇ ਵਿਸ਼ੇਸ਼ ਨੀਤੀ ਦੀਆਂ ਲੋੜਾਂ ਬਾਰੇ ਜਾਣਕਾਰੀ ਦਿੰਦਾ ਹੈ।

ਇਨ੍ਹਾਂ ਬਾਰੇ ਹੁਣ ਨਵੇਂ ਅੰਕੜੇ ਉਪਲਬਧ ਹਨ:

- ਛੋਟੀ ਉਮਰ ਵਿੱਚ ਡਿਮੈਂਸ਼ੀਆ ਦਾ ਸ਼ੁਰੂ ਹੋਣਾ
- ਡਿਮੈਂਸ਼ੀਆ ਵਾਲੇ ਲੋਕਾਂ ਦੀ ਮਾਨਸਿਕ ਸਿਹਤ
- ਡਿਮੈਂਸ਼ੀਆ ਵਾਲੇ ਲੋਕਾਂ ਲਈ ਸਿਹਤ ਅਤੇ ਬਜ਼ੁਰਗ ਦੇਖਭਾਲ ਦਾ ਆਪਸੀ-ਮਿਲਾਨ (ਇੰਟਰਫੇਸ)।

## ਡਿਮੈਂਸ਼ੀਆ, ਬੁਢਾਪਾ ਅਤੇ ਬਜ਼ੁਰਗ ਦੇਖਭਾਲ ਮਿਸ਼ਨ

Dementia, Ageing and Aged Care Mission [ਡਿਮੈਂਸ਼ੀਆ, ਬੁਢਾਪਾ ਅਤੇ ਬਜ਼ੁਰਗ ਦੇਖਭਾਲ ਮਿਸ਼ਨ] Medical Research Future Fund ਦੀ ਇੱਕ ਪਹਿਲ ਹੈ। 10 ਸਾਲਾ ਨਿਵੇਸ਼ ਯੋਜਨਾ ਦੇ ਅਧੀਨ, 2018-19 ਅਤੇ 2028-29 ਦੇ ਵਿਚਕਾਰ ਖੋਜ ਵਿੱਚ 185 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ। ਇਹ ਖੋਜ ਆਸਟ੍ਰੇਲੀਆ ਦੇ ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਅਤੇ ਜੀਵਨ ਦੀ ਗੁਣਵੱਤਾ ਨੂੰ ਬਣਾਈ ਰੱਖਣ, ਲੰਬੇ ਸਮੇਂ ਲਈ ਆਤਮ-ਨਿਰਭਰਤਾ ਨਾਲ ਜ਼ਿੰਦਗੀ ਜਿਉਣ ਅਤੇ ਲੋੜ ਪੈਣ 'ਤੇ ਦੇਖਭਾਲ ਤੱਕ ਪਹੁੰਚ ਕਰਨ ਵਿੱਚ ਸਹਾਇਤਾ ਕਰੇਗੀ।

### National Dementia Action Plan

National Dementia Action Plan 2024–2034 (Action Plan) [ਰਾਸ਼ਟਰੀ ਡਿਮੈਂਸ਼ੀਆ ਐਕਸ਼ਨ ਪਲਾਨ] ਆਸਟ੍ਰੇਲੀਆ ਦੀ ਸਰਕਾਰ ਅਤੇ ਰਾਜ ਅਤੇ ਕੇਂਦਰੀ ਪ੍ਰਦੇਸ਼ ਸਰਕਾਰਾਂ ਵਿਚਕਾਰ ਇੱਕ ਸੰਯੁਕਤ 10 ਸਾਲਾ ਪਹਿਲਕਦਮੀ ਹੈ। ਇਸ ਵਿੱਚ ਡਿਮੈਂਸ਼ੀਆ ਪ੍ਰਤੀ ਜਾਗਰੂਕਤਾ ਵਧਾਉਣ, ਆਬਾਦੀ ਦੇ ਡਿਮੈਂਸ਼ੀਆ ਦੇ ਖ਼ਤਰੇ ਨੂੰ ਘਟਾਉਣ ਅਤੇ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਅਤੇ ਦੇਖਭਾਲ ਕਰਨ ਵਾਲਿਆਂ ਲਈ ਬਿਹਤਰ ਤਾਲਮੇਲ ਵਾਲੀਆਂ ਸੇਵਾਵਾਂ ਨੂੰ ਚਲਾਉਣ ਦੇ ਉਦੇਸ਼ ਨਾਲ 8 ਉੱਚ-ਪੱਧਰੀ ਕਾਰਵਾਈਆਂ ਸ਼ਾਮਲ ਹਨ।

Action Plan [ਐਕਸ਼ਨ ਪਲਾਨ] ਦੇ ਹਿਸਾਬ ਨਾਲ ਹੋ ਰਹੀ ਤਰੱਕੀ ਨੂੰ Australian Institute of Health and Welfare ਦੁਆਰਾ ਵਿਕਸਤ National Dementia Action Plan ਇੰਡੀਕੇਟਰਜ਼ ਡੈਸ਼ਬੋਰਡ ਰਾਹੀਂ ਹਰ ਸਾਲ ਟਰੈਕ ਕੀਤਾ ਜਾਵੇਗਾ ਅਤੇ ਇਸ ਦੀ ਰਿਪੋਰਟ ਕੀਤੀ ਜਾਵੇਗੀ।

Action Plan, ਡਿਮੈਂਸ਼ੀਆ ਨਾਲ ਜੀਅ ਰਹੇ ਆਸਟ੍ਰੇਲੀਆ ਦੇ ਲੋਕਾਂ ਲਈ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ ਅਸਲ ਅਤੇ ਸਥਾਈ ਸਕਾਰਾਤਮਕ ਤਬਦੀਲੀਆਂ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ।

ਵਧੇਰੇ ਜਾਣਨ ਲਈ, **health.gov.au/our-work/national-dementia-action-plan** 'ਤੇ ਜਾਓ।

## ਡਿਮੈਂਸ਼ੀਆ ਵਿਵਹਾਰ ਸਹਾਇਤਾ

ਵਿਅਕਤੀ-ਕੇਂਦ੍ਰਿਤ ਵਿਵਹਾਰ ਸਹਾਇਤਾ ਰਣਨੀਤੀਆਂ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਬਿਹਤਰ ਨਤੀਜੇ ਲਿਆ ਸਕਦੀਆਂ ਹਨ। ਡਿਮੈਂਸ਼ੀਆ ਵਿਵਹਾਰ ਸਹਾਇਤਾ ਦੀਆਂ ਮੁਫ਼ਤ ਸੇਵਾਵਾਂ ਪਰਿਵਾਰਾਂ, ਸੰਭਾਲ ਕਰਨ ਵਾਲਿਆਂ ਅਤੇ ਸਿਹਤ ਅਤੇ ਬਜ਼ੁਰਗ ਦੇਖਭਾਲ ਕਰਮਚਾਰੀਆਂ ਨੂੰ ਵਾਧੂ ਵਿਸ਼ੇਸ਼ ਅਤੇ ਵਿਅਕਤੀਗਤ ਸਹਾਇਤਾ ਪ੍ਰਦਾਨ ਕਰਦੀਆਂ ਹਨ ਜਿੱਥੇ ਡਿਮੈਂਸ਼ੀਆ ਦੇ ਵਿਵਹਾਰਕ ਅਤੇ ਮਨੋਵਿਗਿਆਨਕ ਲੱਛਣ ਡਿਮੈਂਸ਼ੀਆ ਨਾਲ ਜੀਅ ਰਹੇ ਵਿਅਕਤੀ ਦੀ ਦੇਖਭਾਲ ਨੂੰ ਪ੍ਰਭਾਵਿਤ ਕਰਦੇ ਹਨ।

ਡਿਮੈਂਸ਼ੀਆ ਵਿਵਹਾਰ ਸਹਾਇਤਾ ਸੇਵਾਵਾਂ ਇਸ ਸਮੇਂ Dementia Support Australia ਦੁਆਰਾ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੀ ਸਹਾਇਤਾ ਲਾਈਨ ਨੂੰ **1800 699 799** 'ਤੇ 24 ਘੰਟੇ/7 ਦਿਨ ਫ਼ੋਨ ਕਰਕੇ ਜਾਂ **dementia.com.au** 'ਤੇ ਜਾ ਕੇ ਪਹੁੰਚ ਕੀਤੀ ਜਾ ਸਕਦੀ ਹੈ।

### Dementia Behaviour Management Advisory Service

Dementia Behaviour Management Advisory Service [ਡਿਮੈਂਸ਼ੀਆ ਵਿਵਹਾਰ ਪ੍ਰਬੰਧਨ ਸਲਾਹਕਾਰ ਸੇਵਾ], ਸਹਾਇਤਾ ਅਤੇ ਸਲਾਹ ਪ੍ਰਦਾਨ ਕਰਦੀ ਹੈ ਜਦੋਂ ਡਿਮੈਂਸ਼ੀਆ ਦੇ ਹਲਕੇ ਤੋਂ ਦਰਮਿਆਨੇ ਵਿਵਹਾਰਕ ਅਤੇ ਮਨੋਵਿਗਿਆਨਕ ਲੱਛਣ ਕਿਸੇ ਵਿਅਕਤੀ ਦੀ ਦੇਖਭਾਲ ਜਾਂ ਜੀਵਨ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੇ ਹਨ। ਸਿਖਲਾਈ ਪ੍ਰਾਪਤ ਸਲਾਹਕਾਰ ਕਿਸੇ ਵੀ ਹਾਲਾਤ ਵਿੱਚ (ਭਾਈਚਾਰਕ, ਰਿਹਾਇਸ਼ੀ ਬਜ਼ੁਰਗ ਦੇਖਭਾਲ ਅਤੇ ਸਿਹਤ ਸੰਭਾਲ ਹਾਲਾਤਾਂ ਸਮੇਤ), ਆਸਟ੍ਰੇਲੀਆ ਵਿੱਚ ਕਿਧਰੇ ਵੀ (ਦਿਹਾਤੀ ਅਤੇ ਦੂਰ-ਦੁਰਾਡੇ ਦੀਆਂ ਜਗ੍ਹਾਵਾਂ ਸਮੇਤ) ਅਤੇ ਡਿਮੈਂਸ਼ੀਆ ਨਾਲ ਜੀਅ ਰਹੇ ਵਿਅਕਤੀ ਦੀ ਉਮਰ ਦੀ ਪਰਵਾਹ ਕੀਤੇ ਬਿਨਾਂ ਕੰਮ ਕਰਦੇ ਹਨ। ਉਨ੍ਹਾਂ ਦੀਆਂ ਭੂਮਿਕਾਵਾਂ ਇਹ ਹਨ:

- ਸੇਵਾ ਪ੍ਰਦਾਤਿਆਂ ਅਤੇ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਦੀ ਦੇਖਭਾਲ ਕਰਨ ਵਾਲੇ ਵਿਅਕਤੀਆਂ ਦੀ ਸਹਾਇਤਾ
- ਸੇਵਾ ਪ੍ਰਦਾਤਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਵਿਵਹਾਰਾਂ ਦੇ ਕਾਰਨਾਂ ਅਤੇ/ਜਾਂ ਇਕਦਮ ਹੋਣ ਵਾਲੀ ਪ੍ਰਤਿਕਿਰਿਆ ਨੂੰ ਸਮਝਣ ਵਿੱਚ ਮਦਦ ਕਰਨਾ
- ਪ੍ਰਦਾਤਿਆਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਅਜਿਹੀਆਂ ਰਣਨੀਤੀਆਂ ਵਿਕਸਤ ਕਰਨ ਵਿੱਚ ਸਹਾਇਤਾ ਕਰਨਾ ਜੋ ਆਮ ਕੰਮ ਕਰਨ ਦੀ ਸਮਰੱਥਾ ਨੂੰ ਸੁਯੋਗ ਬਣਾਉਂਦੀਆਂ ਹਨ, ਦਰਦ ਨੂੰ ਘਟਾਉਂਦੀਆਂ ਹਨ, ਹੋਰ ਅਣਪੂਰੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਸਹਿਯੋਗ ਕਰਦੀਆਂ ਹਨ, ਅਤੇ ਜੁੜਨ ਵਿੱਚ ਸੁਧਾਰ ਕਰਦੀਆਂ ਹਨ।

## ਗੰਭੀਰ ਵਿਵਹਾਰ ਪ੍ਰਤੀਕਿਰਿਆ ਟੀਮਾਂ

ਮਾਨਤਾ ਪ੍ਰਾਪਤ ਰਿਹਾਇਸ਼ੀ ਬਜ਼ੁਰਗ ਦੇਖਭਾਲ ਪ੍ਰਦਾਤੇ, ਡਿਮੈਂਸ਼ੀਆ ਦੇ ਗੰਭੀਰ ਵਿਵਹਾਰਕ ਅਤੇ ਮਨੋਵਿਗਿਆਨਕ ਲੱਛਣਾਂ ਵਾਲੇ ਲੋਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ Severe Behaviour Response Teams [ਗੰਭੀਰ ਵਿਵਹਾਰ ਪ੍ਰਤੀਕਿਰਿਆ ਟੀਮਾਂ] ਤੋਂ ਸਹਾਇਤਾ ਲਈ ਬੇਨਤੀ ਕਰ ਸਕਦੇ ਹਨ।

Severe Behaviour Response Teams ਦੇਖਭਾਲ ਨੈੱਟਵਰਕ ਨਾਲ ਇਸ ਲਈ ਭਾਈਵਾਲੀ ਕਰਨਗੀਆਂ:

- ਉਹਨਾਂ ਕਾਰਨਾਂ ਨੂੰ ਸਮਝਣਾ ਜੋ ਵਿਵਹਾਰ ਵਿੱਚ ਤਬਦੀਲੀਆਂ ਦਾ ਕਾਰਨ ਬਣਦੇ ਹਨ ਅਤੇ ਉਸ ਹਿਸਾਬ ਨਾਲ ਦੇਖਭਾਲ ਯੋਜਨਾਵਾਂ ਵਿਕਸਤ ਕਰਨਾ ਜੋ ਵਿਵਹਾਰ ਸਹਾਇਤਾ ਯੋਜਨਾਵਾਂ ਨੂੰ ਸੂਚਿਤ ਕਰ ਸਕਦੀਆਂ ਹਨ
- ਮਾਡਲਿੰਗ ਰਣਨੀਤੀਆਂ ਰਾਹੀਂ ਸਟਾਫ਼ ਦੇ ਗਿਆਨ ਨੂੰ ਵਧਾਉਣਾ
- ਸਿਫਾਰਸ਼ਾਂ ਨੂੰ ਲਾਗੂ ਕਰਨ ਲਈ ਨਿਰੰਤਰ ਮਾਰਗ ਦਰਸ਼ਨ ਪ੍ਰਦਾਨ ਕਰਨਾ।

## Specialist dementia care

Specialist Dementia Care Program [ਮਾਹਰ ਡਿਮੈਂਸ਼ੀਆ ਦੇਖਭਾਲ ਪ੍ਰੋਗਰਾਮ], ਡਿਮੈਂਸ਼ੀਆ ਦੇ ਬਹੁਤ ਗੰਭੀਰ ਵਿਵਹਾਰਕ ਅਤੇ ਮਨੋਵਿਗਿਆਨਕ ਲੱਛਣਾਂ ਵਾਲੇ ਲੋਕਾਂ ਦੀ ਸਹਾਇਤਾ ਕਰਦਾ ਹੈ, ਜਿੱਥੇ ਉਨ੍ਹਾਂ ਦੀਆਂ ਸਹਾਇਤਾ ਦੀਆਂ ਜ਼ਰੂਰਤਾਂ ਨੂੰ ਰਿਹਾਇਸ਼ੀ ਬਜ਼ੁਰਗ ਦੇਖਭਾਲ ਸਹੂਲਤ ਵਿੱਚ ਪੂਰਾ ਨਹੀਂ ਕੀਤਾ ਜਾ ਸਕਦਾ। ਇਹ ਪ੍ਰੋਗਰਾਮ ਉਹਨਾਂ ਹਾਲਾਤਾਂ ਵਿੱਚ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਲਈ ਵਿਸ਼ੇਸ਼ ਦੇਖਭਾਲ ਨੂੰ ਸਮਰੱਥ ਬਣਾਉਂਦਾ ਹੈ ਜਿੱਥੇ:

- ਵਿਅਕਤੀ ਨੂੰ ਬਹੁਤ ਗੰਭੀਰ ਡਿਮੈਂਸ਼ੀਆ ਹੈ ਜੋ ਸਰੀਰਕ ਤੌਰ 'ਤੇ ਹਮਲਾਵਰ ਹੋਣ ਜਾਂ ਹੋਰ ਵਿਵਹਾਰਾਂ ਦੁਆਰਾ ਗੁੰਝਲਦਾਰ ਹੋ ਜਾਂਦਾ ਹੈ
- ਵਿਅਕਤੀ ਦੀ ਰਿਹਾਇਸ਼ੀ ਦੇਖਭਾਲ ਸਹੂਲਤ ਜਾਂ ਸੰਭਾਲ ਕਰਨ ਵਾਲੇ ਹੋਰ ਸੇਵਾਵਾਂ ਦੀ ਮਦਦ ਨਾਲ ਵੀ ਵਿਵਹਾਰਾਂ ਦਾ ਪ੍ਰਬੰਧਨ ਨਹੀਂ ਕਰ ਸਕਦੇ।

ਛੋਟੇ ਸਮੂਹ ਦੀ ਦੇਖਭਾਲ ਇੱਕ ਛੋਟੇ ਮਕਾਨ ਵਰਗੇ, ਡਿਮੈਂਸ਼ੀਆ-ਅਨੁਕੂਲ ਵਾਤਾਵਰਣ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਵਿੱਚ ਡਿਮੈਂਸ਼ੀਆ ਨਾਲ ਜੀਅ ਰਹੇ ਲੋਕ ਇਹ ਹਾਸਲ ਕਰਦੇ ਹਨ:

- ਡਿਮੈਂਸ਼ੀਆ ਸਿਖਲਾਈ ਪ੍ਰਾਪਤ ਅਮਲੇ ਵੱਲੋਂ ਵਿਅਕਤੀਗਤ, ਟੀਚਾ-ਕੇਂਦ੍ਰਿਤ ਦੇਖਭਾਲ
- ਮਾਹਰ ਕਲੀਨਿਕੀ ਸੇਵਾਵਾਂ ਤੋਂ ਸਹਾਇਤਾ।

Specialist Dementia Care Program ਇੱਕ ਪਰਿਵਰਤਨਸ਼ੀਲ ਪ੍ਰੋਗਰਾਮ ਹੈ ਜਿਸ ਦਾ ਉਦੇਸ਼ ਔਸਤਨ 12 ਮਹੀਨਿਆਂ ਦੇ ਅੰਦਰ ਡਿਮੈਂਸ਼ੀਆ ਦੇ ਵਿਵਹਾਰਕ ਲੱਛਣਾਂ ਨੂੰ ਘਟਾਉਣਾ ਜਾਂ ਸਥਿਰ ਕਰਨਾ ਹੈ।

ਇਸ ਪ੍ਰੋਗਰਾਮ ਦਾ ਉਦੇਸ਼ ਰਿਹਾਇਸ਼ੀ ਬਜ਼ੁਰਗ ਦੇਖਭਾਲ ਪ੍ਰਦਾਤਿਆਂ ਨਾਲ ਰਲ ਕੇ ਕੰਮ ਕਰਨਾ ਹੈ ਤਾਂ ਜੋ:

- ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਨੂੰ ਲੋੜ ਅਨੁਸਾਰ ਰਿਹਾਇਸ਼ੀ ਦੇਖਭਾਲ ਦੇ ਅੰਦਰ ਅਤੇ ਬਾਹਰ ਤਬਦੀਲ ਹੋਣ ਲਈ ਸਹਾਇਤਾ ਪ੍ਰਦਾਨ ਕਰਨਾ
- ਡਿਮੈਂਸ਼ੀਆ-ਅਨੁਕੂਲ ਵਾਤਾਵਰਣ ਵਿੱਚ, ਬਿਨਾਂ ਕਿਸੇ ਬੰਦਸ਼ਾਂ ਦੇ, ਸਭ ਤੋਂ ਵਧੀਆ ਦੇਖਭਾਲ ਦੇ ਅਭਿਆਸ ਵਿਕਸਤ ਕਰਨਾ
- ਲੋਕਾਂ ਨੂੰ ਘੱਟ ਇੰਟੈਂਸਿਵ ਕੇਅਰ ਦੇਖਭਾਲ ਵਿੱਚ ਜਾਣ ਵਿੱਚ ਸਹਾਇਤਾ ਕਰਨਾ ਜਦੋਂ ਉਨ੍ਹਾਂ ਨੂੰ ਪ੍ਰੋਗਰਾਮ ਰਾਹੀਂ ਦੇਖਭਾਲ ਦੀ ਲੋੜ ਨਹੀਂ ਹੁੰਦੀ

- ਰਾਜ ਅਤੇ ਕੇਂਦਰੀ ਪ੍ਰਦੇਸ਼ ਦੀ ਸਰਕਾਰ ਦੀਆਂ ਸੇਵਾਵਾਂ ਅਤੇ ਵਿਵਹਾਰ ਸਹਾਇਤਾ ਸੇਵਾਵਾਂ ਦੇ ਨਾਲ ਰਲ ਕੇ ਕੰਮ ਕਰਨਾ
- ਡਿਮੈਂਸ਼ੀਆ ਦੇ ਬਹੁਤ ਗੰਭੀਰ ਵਿਵਹਾਰਕ ਅਤੇ ਮਨੋਵਿਗਿਆਨਕ ਲੱਛਣਾਂ ਵਾਲੇ ਲੋਕਾਂ ਲਈ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨਾ।

ਹੋਰ ਜਾਣਨ ਲਈ, **health.gov.au/our-work/specialist-dementia-care-program-sdcp** 'ਤੇ ਜਾਓ।

## Hospital to Aged Care Dementia Support Program

Hospital to Aged Care Dementia Support Program [ਹਸਪਤਾਲ ਤੋਂ ਬਜ਼ੁਰਗ ਦੇਖਭਾਲ ਤੱਕ ਡਿਮੈਂਸ਼ੀਆ ਸਹਾਇਤਾ ਪ੍ਰੋਗਰਾਮ], ਡਿਮੈਂਸ਼ੀਆ ਨਾਲ ਜੀਅ ਰਹੇ ਬਜ਼ੁਰਗ ਲੋਕਾਂ ਨੂੰ ਹਸਪਤਾਲ ਤੋਂ ਰਿਹਾਇਸ਼ੀ ਬਜ਼ੁਰਗ ਦੇਖਭਾਲ ਵਿੱਚ ਜਾਂ ਬਜ਼ੁਰਗ ਦੇਖਭਾਲ ਸਹਾਇਤਾ ਵਾਲੇ ਘਰ ਵਿੱਚ ਤਬਦੀਲ ਹੋਣ ਵਿੱਚ ਮਦਦ ਕਰਦਾ ਹੈ। ਪ੍ਰੋਗਰਾਮ ਹਸਪਤਾਲ ਅਤੇ ਬਜ਼ੁਰਗ ਦੇਖਭਾਲ ਦੇ ਅਮਲੇ, ਬਜ਼ੁਰਗ ਵਿਅਕਤੀ ਅਤੇ ਉਨ੍ਹਾਂ ਦੇ ਪਰਿਵਾਰ ਜਾਂ ਸੰਭਾਲ ਕਰਨ ਵਾਲਿਆਂ ਦੀ ਇਸ ਦੌਰਾਨ ਸਹਾਇਤਾ ਕਰਦਾ ਹੈ:

- ਉਨ੍ਹਾਂ ਦੇ ਹਸਪਤਾਲ ਵਿੱਚ ਰਹਿਣ ਦੌਰਾਨ
- ਹਸਪਤਾਲ ਤੋਂ ਛੁੱਟੀ ਮਿਲਣ ਵੇਲੇ
- ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ 3 ਮਹੀਨਿਆਂ ਤੱਕ ਬਜ਼ੁਰਗ ਦੇਖਭਾਲ ਸਹਾਇਤਾ ਪ੍ਰਾਪਤ ਵਾਤਾਵਰਣ ਵਿੱਚ।

Dementia Support Australia, ਆਸਟ੍ਰੇਲੀਆ ਸਰਕਾਰ ਦੀ ਤਰਫੋਂ 11 ਥਾਵਾਂ ਵਿੱਚ ਪ੍ਰੋਗਰਾਮ ਪ੍ਰਦਾਨ ਕਰ ਰਹੀ ਹੈ, ਜਿਸ ਦੀ ਮੌਜੂਦਗੀ ਹਰ ਰਾਜ ਅਤੇ ਕੇਂਦਰੀ ਪ੍ਰਦੇਸ਼ ਵਿੱਚ ਹੈ। ਹਿੱਸਾ ਲੈਣ ਵਾਲੇ ਹਸਪਤਾਲਾਂ ਦਾ ਅਮਲਾ ਹਸਪਤਾਲ ਦੇ ਯੋਗ ਮਰੀਜ਼ਾਂ ਨੂੰ ਪ੍ਰੋਗਰਾਮ ਵਿੱਚ ਭੇਜ ਸਕਦਾ ਹੈ। ਹੋਰ ਜਾਣਨ ਲਈ, **health.gov.au/our-work/hacdsp** 'ਤੇ ਜਾਓ।

# ਡਿਮੈਂਸ਼ੀਆ ਸਿਖਲਾਈ

Dementia Training Australia, ਮੁਫ਼ਤ ਸਿਖਲਾਈ ਅਤੇ ਸਰੋਤਾਂ ਦੀ ਪੇਸ਼ਕਸ਼ ਕਰਕੇ ਡਿਮੈਂਸ਼ੀਆ ਦੇਖਭਾਲ ਵਿੱਚ ਬਜ਼ੁਰਗ ਦੇਖਭਾਲ ਅਤੇ ਸਿਹਤ ਕਰਮਚਾਰੀਆਂ ਨੂੰ ਹੁਨਰਮੰਦ ਬਣਾ ਰਿਹਾ ਹੈ, ਜਿਸ ਵਿੱਚ ਸ਼ਾਮਲ ਹਨ:

- ਯੋਗ ਸੰਭਾਲ ਕਰਮਚਾਰੀਆਂ ਲਈ ਮਾਨਤਾ ਪ੍ਰਾਪਤ ਕਿੱਤਾਮੁਖੀ ਪੱਧਰ ਦੇ ਡਿਮੈਂਸ਼ੀਆ ਸੰਭਾਲ ਸਿਖਲਾਈ ਦੇ ਮੁਫ਼ਤ ਕੋਰਸ
- ਡਾਕਟਰਾਂ, ਨਰਸਾਂ, ਫਾਰਮਾਸਿਸਟਾਂ, ਮਨੋਵਿਗਿਆਨੀਆਂ, ਮਾਹਰਾਂ, ਸਹਾਇਕ ਸਿਹਤ ਅਤੇ ਹੋਰ ਸਬੰਧਿਤ ਪੇਸ਼ੇਵਰਾਂ ਨੂੰ ਡਿਮੈਂਸ਼ੀਆ ਦਾ ਮੁਲਾਂਕਣ ਕਰਨ, ਰੋਗ ਦਾ ਪਤਾ ਲਗਾਉਣ ਅਤੇ ਪ੍ਰਬੰਧਨ ਬਾਰੇ ਨਿਰੰਤਰ ਪੇਸ਼ੇਵਰ ਵਿਕਾਸ ਸਿਖਲਾਈ
- ਬਜ਼ੁਰਗ ਦੇਖਭਾਲ ਪ੍ਰਦਾਤਿਆਂ ਨੂੰ ਕੰਮ ਦੀ ਜਗ੍ਹਾ ਤੇ ਸਿਖਲਾਈ ਜਿਸ ਵਿੱਚ, ਜਿੱਥੇ ਉਚਿਤ ਹੋਵੇ, ਡਿਮੈਂਸ਼ੀਆ ਹੁਨਰ ਅਤੇ ਵਾਤਾਵਰਣ ਦੇ ਔਡਿਟ ਸ਼ਾਮਲ ਹਨ, ਜਿਸ ਤੋਂ ਬਾਅਦ ਇੱਕ ਅਨੁਕੂਲ ਸਿਖਲਾਈ ਪੈਕੇਜ ਸ਼ਾਮਲ ਹੈ

- ਅਭਿਆਸ ਦੇ ਭਾਈਚਾਰੇ ਅਤੇ ਡਿਮੈਂਸ਼ੀਆ ਦੇਖਭਾਲ ਦੇ ਨੇਤਾਵਾਂ ਨੂੰ ਸਭ ਤੋਂ ਵਧੀਆ ਅਭਿਆਸ ਨੂੰ ਸਾਂਝਾ ਕਰਨ ਅਤੇ ਸ਼ਾਮਲ ਕਰਨ ਅਤੇ ਨਿੱਜੀ ਸੰਭਾਲ ਕਰਮਚਾਰੀਆਂ ਲਈ ਡਿਮੈਂਸ਼ੀਆ ਦੇਖਭਾਲ ਵਿੱਚ ਸਥਾਨਕ ਨੇਤਾਵਾਂ ਦੀ ਟੀਮ ਬਣਾਉਣ ਵਿੱਚ ਮਦਦ ਕਰਨ ਲਈ ਉੱਨਤ ਸਿਖਲਾਈ ਦੇ ਮੌਕੇ
- ਆਹਮੋ-ਸਾਹਮਣੇ ਸਿਖਲਾਈ ਦੀ ਅਦਾਇਗੀ ਨੂੰ ਸੰਪੂਰਨ ਕਰਨ ਲਈ ਇੱਕ ਔਨਲਾਈਨ ਸਿਖਲਾਈ ਪੋਰਟਲ।

ਨਵਾਂ National Dementia Training and Education Standards Framework [ਰਾਸ਼ਟਰੀ ਡਿਮੈਂਸ਼ੀਆ ਸਿਖਲਾਈ ਅਤੇ ਵਿਦਿਅਕ ਮਿਆਰੀ ਢਾਂਚਾ] ਕਈ ਤਰ੍ਹਾਂ ਦੇ ਸਿੱਖਿਆ ਹਾਲਾਤਾਂ ਵਿੱਚ ਪ੍ਰਮੁੱਖ ਸਿੱਖਣ ਦੇ ਖੇਤਰਾਂ ਅਤੇ ਡਿਮੈਂਸ਼ੀਆ ਸਿੱਖਿਆ ਤੋਂ ਲੋੜੀਂਦੇ ਨਤੀਜਿਆਂ ਨੂੰ ਸਮਝਣ ਲਈ ਇੱਕ ਵਿਆਪਕ ਗਾਈਡ ਪ੍ਰਦਾਨ ਕਰਦਾ ਹੈ।

ਢਾਂਚਾ ਪਹੁੰਚਯੋਗ ਅਤੇ ਨਿਰੰਤਰ ਸਿੱਖਿਆ ਅਤੇ ਸਿਖਲਾਈ ਮਾਰਗਾਂ ਦਾ ਸਹਿਯੋਗ ਕਰਦਾ ਹੈ ਤਾਂ ਜੋ ਖਪਤਕਾਰਾਂ ਨੂੰ ਡਿਮੈਂਸ਼ੀਆ ਸਿਖਲਾਈ ਨੂੰ ਲੱਭਣ ਅਤੇ ਉੱਚ ਗੁਣਵੱਤਾ ਵਾਲੀ ਸਿਖਲਾਈ ਲੱਭਣ ਵਿੱਚ ਮਦਦ ਕੀਤੀ ਜਾ ਸਕੇ ਜੋ ਉਨ੍ਹਾਂ ਦੀਆਂ ਵਿਸ਼ੇਸ਼ ਸਿੱਖਣ ਦੀਆਂ ਜ਼ਰੂਰਤਾਂ ਨੂੰ ਨਿਸ਼ਾਨਾ ਬਣਾਉਂਦੀ ਹੈ।

ਬਦਲੇ ਹੋਏ ਵਿਵਹਾਰ ਦੇ ਪ੍ਰਬੰਧਨ ਬਾਰੇ ਵਾਧੂ ਸਿਖਲਾਈ ਵੀ ਉਪਲਬਧ ਹੈ। ਇਸ ਵਿੱਚ Changed Behaviour Toolkit [ਬਦਲੇ ਹੋਏ ਵਿਵਹਾਰ ਬਾਰੇ ਟੂਲਕਿੱਟ] ਸ਼ਾਮਲ ਹੈ, ਜੋ ਵਿਵਹਾਰ ਦੇ ਪਿੱਛੇ ਦੇ ਵਿਅਕਤੀ ਦੇ ਨਾਲ-ਨਾਲ ਵਿਸ਼ੇਸ਼ ਬਦਲੇ ਹੋਏ ਵਿਵਹਾਰ ਅਤੇ ਮਨੋਵਿਗਿਆਨਕ ਲੱਛਣਾਂ 'ਤੇ ਜ਼ੋਰ ਦੇਣ ਦੇ ਨਾਲ ਕੰਮ ਕਰਨ ਦੇ ਵਧੀਆ ਤਰੀਕਿਆਂ 'ਤੇ ਧਿਆਨ ਕੇਂਦ੍ਰਿਤ ਕਰਦੀ ਹੈ।

ਸਿਖਲਾਈ, ਸਿੱਖਿਆ ਅਤੇ ਸਰੋਤਾਂ ਬਾਰੇ ਵਧੇਰੇ ਜਾਣਕਾਰੀ ਵਾਸਤੇ, **1300 229 092** ਨੂੰ ਫ਼ੋਨ ਕਰੋ ਜਾਂ **dta.com.au** 'ਤੇ ਜਾਓ।

## ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਰਾਹਤ ਸੰਭਾਲ ਵਿੱਚ ਸੁਧਾਰ ਕਰਨਾ

ਇਸ ਪ੍ਰੋਗਰਾਮ ਦਾ ਉਦੇਸ਼ ਡਿਮੈਂਸ਼ੀਆ ਨਾਲ ਜੀਅ ਰਹੇ ਵਿਅਕਤੀ ਦੀ ਦੇਖਭਾਲ ਕਰਨ ਵਾਲੇ ਸੰਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਦੀ ਡਿਮੈਂਸ਼ੀਆ-ਵਿਸ਼ੇਸ਼ ਰਾਹਤ ਸਹਾਇਤਾ ਸੇਵਾਵਾਂ ਤੱਕ ਪਹੁੰਚ ਰਾਹੀਂ ਸਹਾਇਤਾ ਕਰਨਾ ਹੈ, ਜੋ ਇਹ ਸੁਧਾਰ ਕਰਦੀਆਂ ਹਨ:

- ਡਿਮੈਂਸ਼ੀਆ ਨਾਲ ਜੀਅ ਰਹੇ ਵਿਅਕਤੀ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਰਾਹਤ ਸੰਭਾਲ ਦੀ ਗੁਣਵੱਤਾ ਅਤੇ ਅਨੁਭਵ
- ਸੰਭਾਲ ਕਰਨ ਵਾਲੇ ਦੀ ਭਲਾਈ
- ਡਿਮੈਂਸ਼ੀਆ ਵਾਲੇ ਲੋਕਾਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਲਈ ਦੇਖਭਾਲ ਦੀ ਯੋਜਨਾਬੰਦੀ ਅਤੇ ਉਨ੍ਹਾਂ ਦੇ ਘਰ ਅਤੇ ਰਾਹਤ ਦੇ ਸਥਾਨ ਦੇ ਵਿਚਕਾਰ ਤਬਦੀਲੀਆਂ ਵਿੱਚ ਸੁਧਾਰ ਕਰਨਾ।

ਇਹ ਪ੍ਰੋਗਰਾਮ ਸਾਰੇ ਰਾਜਾਂ ਅਤੇ ਕੇਂਦਰੀ ਪ੍ਰਦੇਸ਼ਾਂ ਵਿੱਚ ਚੱਲ ਰਿਹਾ ਹੈ, ਅਤੇ ਇਹ ਕੁਝ ਪ੍ਰਦਾਨ ਕਰ ਰਿਹਾ ਹੈ:

- ਸੰਭਾਲ ਕਰਨ ਵਾਲੇ ਦੀ ਸਿੱਖਿਆ ਅਤੇ ਭਲਾਈ
- ਡਿਮੈਂਸ਼ੀਆ ਵਾਲੇ ਲੋਕਾਂ ਲਈ ਰਾਹਤ ਸੰਭਾਲ ਦੀ ਗੁਣਵੱਤਾ ਅਤੇ ਤਜ਼ਰਬੇ ਵਿੱਚ ਸੁਧਾਰ ਕਰਨ ਲਈ ਮੌਲਿਕ ਪਹੁੰਚ
- ਡਿਮੈਂਸ਼ੀਆ ਵਾਲੇ ਲੋਕਾਂ ਵਾਸਤੇ ਬਿਹਤਰ ਰਾਹਤ ਸੰਭਾਲ ਯੋਜਨਾਬੰਦੀ

- ਗੁਣਵੱਤਾ, ਡਿਮੈਂਸ਼ੀਆ-ਵਿਸ਼ੇਸ਼ ਰਾਹਤ ਸੰਭਾਲ ਪ੍ਰਦਾਨ ਕਰਨ ਲਈ ਬਜ਼ੁਰਗ ਦੇਖਭਾਲ ਪ੍ਰਦਾਤਿਆਂ ਦੀ ਸਮਰੱਥਾ ਵਿੱਚ ਵਾਧਾ।

ਇਸ ਪ੍ਰੋਗਰਾਮ ਦੇ ਅਧੀਨ, ਤਸਮਾਨੀਆ ਯੂਨੀਵਰਸਿਟੀ, Dementia Support Australia ਦੁਆਰਾ ਸਹਾਇਤਾ ਪ੍ਰਾਪਤ, ਬਜ਼ੁਰਗ ਦੇਖਭਾਲ ਕਰਮਚਾਰੀਆਂ ਨੂੰ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ ਅਤੇ ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਦੀਆਂ ਰਾਹਤ ਲੋੜਾਂ ਦੀ ਸਮਝ ਵਿੱਚ ਸੁਧਾਰ ਕਰਨ ਲਈ ਸਿਖਲਾਈ ਵੀ ਪ੍ਰਦਾਨ ਕਰਦੀ ਹੈ।

Dementia Respite Education and Mentoring (DREAM) [ਡਿਮੈਂਸ਼ੀਆ ਰਾਹਤ ਸਿੱਖਿਆ ਅਤੇ ਸਲਾਹ-ਮਸ਼ਵਰਾ] ਪ੍ਰੋਜੈਕਟ ਰਾਹਤ ਸਿਖਲਾਈ ਲਈ ਇੱਕ ਨਵੀਂ, ਮੌਲਿਕ ਅਤੇ ਲਚਕਦਾਰ ਪਹੁੰਚ ਅਪਣਾਉਂਦਾ ਹੈ, ਜੋ ਬਜ਼ੁਰਗ ਦੇਖਭਾਲ ਪ੍ਰਦਾਤਿਆਂ ਨੂੰ ਅਭਿਆਸ ਦਾ ਭਾਈਚਾਰਾ ਅਤੇ ਸਿਖਲਾਈ ਦੀ ਪੇਸ਼ਕਸ਼ ਕਰਦਾ ਹੈ।

ਵਧੇਰੇ ਜਾਣਨ ਲਈ, [health.gov.au/our-work/improving-respite-care-for-people-living-with-dementia-and-their-carers](health.gov.au/our-work/improving-respite-care-for-people-living-with-dementia-and-their-carers) 'ਤੇ ਜਾਓ।

### National Aged Care Design Principles and Guidelines

1 ਜੁਲਾਈ 2024 ਨੂੰ, ਆਸਟ੍ਰੇਲੀਆ ਦੀ ਸਰਕਾਰ ਨੇ ਰਿਹਾਇਸ਼ੀ ਬਜ਼ੁਰਗਾਂ ਦੀ ਦੇਖਭਾਲ ਵਿੱਚ ਰਹਿਣ ਵਾਲੇ ਬਜ਼ੁਰਗ ਲੋਕਾਂ ਲਈ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ National Aged Care Design Principles and Guidelines [ਰਾਸ਼ਟਰੀ ਬਜ਼ੁਰਗ ਦੇਖਭਾਲ ਡਿਜ਼ਾਈਨ ਸਿਧਾਂਤ ਅਤੇ ਦਿਸ਼ਾ-ਨਿਰਦੇਸ਼] ਪੇਸ਼ ਕੀਤੇ।

ਸਿਧਾਂਤ ਅਤੇ ਦਿਸ਼ਾ-ਨਿਰਦੇਸ਼ ਬਜ਼ੁਰਗ ਦੇਖਭਾਲ ਪ੍ਰਦਾਤਿਆਂ ਅਤੇ ਡਿਜ਼ਾਈਨ ਮਾਹਰਾਂ ਨੂੰ ਵਧੇਰੇ ਘਰ ਵਰਗਾ ਵਾਤਾਵਰਣ ਬਣਾਉਣ ਲਈ ਉਤਸ਼ਾਹਿਤ ਕਰਕੇ ਬਜ਼ੁਰਗ ਦੇਖਭਾਲ ਘਰਾਂ ਵਿੱਚ ਰਹਿਣ ਵਾਲੇ ਬਜ਼ੁਰਗ ਲੋਕਾਂ ਦੀ ਸਹਾਇਤਾ ਕਰਨਗੇ। ਬਜ਼ੁਰਗ ਲੋਕ, ਖਾਸ ਕਰਕੇ ਡਿਮੈਂਸ਼ੀਆ ਨਾਲ ਜੀਅ ਰਹੇ ਲੋਕ, ਚੰਗੀ ਤਰ੍ਹਾਂ ਤਿਆਰ ਕੀਤੀ ਰਿਹਾਇਸ਼ ਤੋਂ ਲਾਭ ਹਾਸਲ ਕਰਨਗੇ ਜੋ ਘਰ ਦੀ ਭਾਵਨਾ ਪੈਦਾ ਕਰਦਾ ਹੈ, ਬਾਹਰਲੇ ਖੇਤਰਾਂ ਤੱਕ ਪਹੁੰਚ ਪ੍ਰਦਾਨ ਕਰਦਾ ਹੈ ਅਤੇ ਭਾਈਚਾਰੇ ਨਾਲ ਸੰਪਰਕ ਪ੍ਰਦਾਨ ਕਰਦਾ ਹੈ।

ਸਿਧਾਂਤ ਅਤੇ ਦਿਸ਼ਾ-ਨਿਰਦੇਸ਼ ਅਜਿਹੇ ਵਾਤਾਵਰਣ ਬਣਾਉਣ ਵਿੱਚ ਮਦਦ ਕਰਨਗੇ ਜੋ:

- ਕਿਸੇ ਵਿਅਕਤੀ ਦੀ ਸਿਹਤ ਅਤੇ ਭਲਾਈ ਨੂੰ ਬਰਕਰਾਰ ਰੱਖਣਾ
- ਪਛਾਣ, ਸਵੈਮਾਣ ਅਤੇ ਆਪਣੇਪਣ ਦੀ ਭਾਵਨਾ ਦਾ ਸਮਰਥਨ ਕਰਨਾ
- ਲੋਕਾਂ ਨੂੰ ਉਮਰ ਵਧਣ ਦੇ ਨਾਲ-ਨਾਲ ਆਤਮ-ਨਿਰਭਰ ਰਹਿਣ ਵਿੱਚ ਮਦਦ ਕਰਨਾ।

ਵਧੇਰੇ ਜਾਣਨ ਲਈ, [health.gov.au/our-work/improving-accommodation-in-residential-aged-care](health.gov.au/our-work/improving-accommodation-in-residential-aged-care) 'ਤੇ ਜਾਓ।

## ਵਧੇਰੇ ਜਾਣਕਾਰੀ

ਇਸ ਬਾਰੇ ਇੱਥੇ [health.gov.au/dementia](health.gov.au/dementia) ਜਾ ਕੇ ਹੋਰ ਜਾਣੋ ਕਿ ਅਸੀਂ ਡਿਮੈਂਸ਼ੀਆ ਨਾਲ ਜੀਅ ਰਹੇ ਲੋਕਾਂ, ਉਨ੍ਹਾਂ ਦੀ ਦੇਖਭਾਲ ਕਰਨ ਵਾਲਿਆਂ ਅਤੇ ਪਰਿਵਾਰਾਂ ਦੀ ਸਹਾਇਤਾ ਕਰਨ ਲਈ ਕੀ ਕਰ ਰਹੇ ਹਾਂ।

# ਆਓ ਮਿਲ ਕੇ ਬਜ਼ੁਰਗਾਂ ਦੀ ਸੰਭਾਲ ਨੂੰ ਬਦਲੀਏ

ਅਸੀਂ ਬਜ਼ੁਰਗ ਲੋਕਾਂ, ਉਨ੍ਹਾਂ ਦੇ ਪਰਿਵਾਰਾਂ ਅਤੇ ਸੰਭਾਲ ਕਰਨ ਵਾਲਿਆਂ ਅਤੇ ਬਜ਼ੁਰਗ ਦੇਖਭਾਲ ਖੇਤਰ ਨਾਲ ਕੰਮ ਕਰ ਰਹੇ ਹਾਂ ਤਾਂ ਜੋ ਆਸਟ੍ਰੇਲੀਆ ਵਿੱਚ ਬਜ਼ੁਰਗ ਲੋਕਾਂ ਲਈ ਬਿਹਤਰ ਬਜ਼ੁਰਗ ਦੇਖਭਾਲ ਸੇਵਾਵਾਂ ਅਤੇ ਦੇਖਭਾਲ ਦਾ ਬਿਹਤਰ ਮਿਆਰ ਬਣਾਇਆ ਜਾ ਸਕੇ।

ਹੁਣ ਤੱਕ ਹਜ਼ਾਰਾਂ ਲੋਕ ਸਰਵੇਖਣਾਂ, ਵੈਬੀਨਾਰਾਂ, ਔਨਲਾਈਨ ਵਰਕਸ਼ਾਪਾਂ, ਸਲਾਹ-ਮਸ਼ਵਰੇ ਦੇ ਪੇਪਰਾਂ ਅਤੇ ਆਹਮੋ-ਸਾਹਮਣੇ ਸਮਾਗਮਾਂ ਰਾਹੀਂ ਸੁਧਾਰਾਂ ਨੂੰ ਸਰੂਪ ਦੇਣ ਵਿੱਚ ਸ਼ਾਮਲ ਹੋਏ ਹਨ।

ਬਜ਼ੁਰਗ ਦੇਖਭਾਲ ਪ੍ਰਦਾਤਿਆਂ ਅਤੇ ਬਜ਼ੁਰਗ ਦੇਖਭਾਲ ਕਰਮਚਾਰੀਆਂ ਲਈ ਬਜ਼ੁਰਗ ਦੇਖਭਾਲ ਵਿੱਚ ਤਬਦੀਲੀਆਂ ਬਾਰੇ ਆਪਣੀ ਗੱਲ ਕਹਿਣ ਦੇ ਬਹੁਤ ਸਾਰੇ ਮੌਕੇ ਹਨ:

- ਸਾਡੀ ਡਾਕ ਸੂਚੀ ਵਿੱਚ ਸ਼ਾਮਲ ਹੋਵੋ ਅਤੇ **health.gov.au/aged-care-newsletter-subscribe** 'ਤੇ ਬਜ਼ੁਰਗ ਦੇਖਭਾਲ ਖੇਤਰ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ ਬਾਰੇ ਤਾਜ਼ੀ ਜਾਣਕਾਰੀ ਰੱਖੋ।